# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ) ਪੰਜਾਬ।

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ. ਨਗਰ)

(ਅਮਲਾ-4 ਸਾਖਾ)

## ਹੁਕਮ

1.0 ਇਸ ਦਫਤਰ ਤੇ ਹੁਕਮ ਨੰ: 19/8-2020 ਅ4(4)/2021131133 ਮਿਤੀ 16.04.2021 ਰਾਹੀਂ ਕੀਤੇ ਹੁਕਮਾਂ ਅਨੁਸਾਰ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿਚ ਕੰਮ ਕਰਦੇ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ-ਟੀਚਿੰਗ ਕਰਮਚਾਰੀ (ਕਲਰਕ, ਜੂਨੀਅਰ ਸਹਾਇਕ, ਸਟੈਨੋ ਟਾਇਪਿਸਟ, ਜੂਨੀਅਰ ਸਕੇਲ ਸਟੈਨੋਗ੍ਰਾਫਰ, ਲਾਇਬ੍ਰੇਰੀਅਨ, ਸਹਾਇਕ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ ਅਤੇ ਸੀਨੀਅਰ ਲੈਬੋਰੇਟਰੀ ਅਟੈਂਡੈਂਟ) ਦੀਆਂ ਨਿਯਮਾਂ ਅਨੁਸਾਰ ਮਾਸਟਰ ਕਾਡਰ ਵਿਚ ਤਰੱਕੀਆਂ ਕਰਨ ਦੇ ਮੰਤਵ ਲਈ ਸਮੂਹ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ-ਟੀਚਿੰਗ ਸਟਾਫ ਦੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਆਪਣਾ ਸਰਵਿਸ ਰਿਕਾਰਡ ਸਮੇਤ ਸਲਾਨਾ ਗੁਪਤ ਰਿਪੋਰਟਾਂ, ਆਪਣੀਆਂ ਵਿਦਿਅਕ ਯੋਗਤਾਵਾਂ, ਭਾਵ ਆਪਣੀ ਮੁਢਲੀ ਵਿਦਿਅਕ ਯੋਗਤਾ, (ਗ੍ਰੈਜੂਏਸਨ), ਆਪਣੀ ਪ੍ਰੋਫੈਸਨਲ ਵਿਦਿਅਕ ਯੋਗਤਾ, ਉਚੇਰੀ ਵਿਦਿਅਕ ਯੋਗਤਾ (ਵਿਸਾਵਾਰ ਅਤੇ ਸਾਲਵਾਰ ਸਮੇਤ ਬੀ.ਐਡ ਵਿਚ ਟੀਚਿੰਗ ਸਬਜੈਕਟ ਦੇ) ਅਤੇ ਪੀ.ਐਸ.ਟੀ.ਈ.ਟੀ. ਪਾਸ ਕਰਨ, ਆਦਿ ਸੰਬੰਧੀ ਸਾਰਾ ਡਾਟਾ ਵਿਭਾਗ ਦੇ ਈ-ਪੋਰਟਲ ਤੇ ਮਿਤੀ 17.04.2021 ਤੱਕ ਅਪਲੋਡ ਕਰਨ ਦੇ ਹੁਕਮ ਕੀਤੇ ਗਏ ਸਨ।

2.0 ਬਹੁਤ ਸਾਰੇ ਅਧਿਆਪਕਾਂ/ਕਰਮਚਾਰੀਆਂ ਅਤੇ ਕਈ ਜਿਲ੍ਹਿਆਂ ਦੇ ਨੋਡਲ ਅਫਸਰਾਂ ਵਲੋਂ ਇਸ ਦਫਤਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਵਿਭਾਗ ਦੀ ਈ-ਪੋਰਟਲ ਸਹੀ ਢੰਗ ਨਾਲ ਕੰਮ ਨਾਂ ਕਰਨ ਕਾਰਨ ਬਹੁਤ ਸਾਰੇ ਕਰਮਚਾਰੀਆਂ ਦਾ ਆਨ-ਲਾਇਨ ਸੇਵਾ ਰਿਕਾਰਡ/ਡਾਟਾ ਅੱਪਲੋਡ ਨਹੀਂ ਹੋ ਸਕਿਆ। ਇਹਨਾ ਕਾਰਨਾ ਨੂੰ ਦੇਖਦੇ ਹੋਏ ਆਨ-ਲਾਇਨ ਡਾਟਾ ਅੱਪਲੋਡ ਕਰਨ ਦੇ ਸਮੇਂ ਵਿਚ ਵਾਧਾ ਕੀਤਾ ਜਾਵੇ।

3.0 ਅਧਿਆਪਕਾਂ/ਕਰਮਚਾਰੀਆਂ ਅਤੇ ਜਿਲ੍ਹਿਆਂ ਦੇ ਨੋਡਲ ਅਫਸਰਾਂ ਦੀ ਬੇਨਤੀ ਨੂੰ ਵਿਭਾਗ ਵਲੋਂ ਵਿਚਾਰਨ ਉਪਰੰਤ ਆਨ-ਲਾਇਨ ਸੇਵਾ ਰਿਕਾਰਡ/ਡਾਟਾ ਅੱਪਲੋਡ ਕਰਨ ਦੀ ਮਿਤੀ 22.04.2021 ਕੀਤੀ ਜਾਂਦੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ।

ਪਿੱਠ ਅੰਕਣ ਨੰ: 19/8-2020 ਅ4(4)/2021132077

ਮਿਤੀ: 19/04/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ/ਸੱਕਤਰ ਸਕੂਲ ਸਿੱਖਿਆ ਜੀ।
2. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ) ਪੰਜਾਬ।
3. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ;ਸਿ:) ਅਤੇ (ਐ:ਸਿ), ਪੰਜਾਬ ਰਾਜ।
4. ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀ।
5. ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ-ਟੀਚਿੰਗ ਕਰਮਚਾਰੀ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ।